SUPPORTING
WOMEN ENTREPRENEURS
IN BC

# ਅਸੀਂ BC ਵੀਮੈਨ ਐਂਟਰਪ੍ਰਨਿਓਰਜ਼ ਦੀ ਮਦਦ ਕਰਦੇ ਹਾਂ

## 1995 ਤੋਂ BC ਮਹਿਲਾ ਐਂਟਰਪ੍ਰਨਿਓਰਸ ਦੀ ਕਾਮਯਾਬੀ ਨੂੰ ਹੱਲਾਸ਼ੇਰੀ ਦੇ ਰਹੇ ਹਾਂ।

WeBC ਇਕ ਗੈਰ-ਮੁਨਾਫਾ ਸੰਗਠਨ ਹੈ ਜੋ ਬੀ ਸੀ ਦੀਆਂ ਔਰਤਾਂ ਨੂੰ ਆਪਣਾ ਬਿਜ਼ਨਸ ਸ਼ੁਰੂ ਕਰਨ, ਅਗਵਾਈ ਕਰਨ ਅਤੇ ਇਸ ਵਿਚ ਵਾਧਾ ਕਰਨ ਵਿਚ ਮਦਦ ਕਰਨ ਲਈ ਵਚਨਬੱਧ ਹੈ।

1995 ਤੋਂ, WEC ਨੇ $ 150K ਤੱਕ ਦੇ ਬਿਜ਼ਨਸ ਲੋਨ ਦੇ ਕੇ ਮਹਿਲਾ-ਮਾਲਕੀਅਤ ਵਾਲੇ ਬਿਜ਼ਨਸ ਦੀ ਕਾਮਯਾਬੀ ਨੂੰ ਵਧਾ ਦਿੱਤਾ ਹੈ। ਅਸੀਂ ਬਿਜ਼ਨਸ ਸਕਿਲਜ਼ ਟ੍ਰੇਨਿੰਗ , ਨਿੱਜੀ ਬਿਜ਼ਨਸ ਸਲਾਹ, ਮੇਂਟਰਿੰਗ, ਉਪਯੋਗੀ ਬਿਜ਼ਨਸ ਸਰੋਤ ਅਤੇ ਇੱਕ ਸਹਾਇਕ ਕਮਿਉਨਿਟੀ ਵੀ ਪ੍ਰਦਾਨ ਕਰਦੇ ਹਾਂ ਤਾਂ ਜੋ ਮਹਿਲਾ ਬਿਜ਼ਨਸ ਮਾਲਕਾਂ ਨੂੰ ਉਨ੍ਹਾਂ ਦੀ ਕਾਰੋਬਾਰੀ ਕਾਬਲਿਆਤ ਦਾ ਅਹਿਸਾਸ ਕਰਨ ਦੀ ਜਰੂਰਤ, ਮਾਨਸਿਕਤਾ, ਵਿੱਤ ਅਤੇ ਨੈੱਟਵਰਕ ਪ੍ਰਾਪਤ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ। ਸਾਡੀ ਟੀਮ ਮਹਿਲਾ ਬਿਜ਼ਨਸ ਮਾਲਕਾਂ ਦੇ ਵਿਲੱਖਣ ਹਾਲਾਤਾਂ ਨੂੰ ਸਮਝਦੀ ਹੈ। ਸਾਡੇ ਤਜਰਬੇਕਾਰ ਬਿਜ਼ਨਸ ਸਲਾਹਕਾਰ, ਮੇਂਟਰਸ, ਟ੍ਰੇਨਰ ਅਤੇ ਫੈਸੀਲਿਟੇਟਰਸ ਇੱਕ ਸਹਾਇਕ, ਵਿਅਕਤੀਗਤ ਅਤੇ ਵਿਵਹਾਰਕ ਪਹੁੰਚ ਦੁਆਰਾ ਸਾਡੇ ਗ੍ਰਾਹਕਾਂ ਨੂੰ ਸਾਧਨ ਅਤੇ ਵਿਸ਼ਵਾਸ ਪ੍ਰਦਾਨ ਕਰਦੇ ਹਨ।

## ਮਹਿਲਾ ਐਂਟਰਪ੍ਰਨਿਓਰਸ ਲਈ ਬਿਜ਼ਨਸ ਸਕਿੱਲਸ ਟ੍ਰੇਨਿੰਗ

ਸਾਡੇ ਬਿਜ਼ਨਸ ਸਕਿੱਲਸ ਟ੍ਰੇਨਿੰਗ ਵਿਚ ਸ਼ਾਮਲ ਹੈ:

- ਵਿਵਹਾਰਕ, ਲਾਜ਼ਮੀ ਹੁਨਰ ਜੋ ਛੋਟੇ ਬਿਜ਼ਨਸ ਨੂੰ ਕਾਮਯਾਬੀ ਨਾਲ ਚਲਾਓਣ ਲਈ 100 % ਚਾਹੀਦੇ ਹਨ।
- ਬਹੁਤ ਸਾਰੇ ਵਰਕਸ਼ਾਪ ਵਿਸ਼ੇ ਜੋ ਛੋਟੇ ਬਿਜ਼ਨਸ ਦੀ ਕਾਮਯਾਬੀ ਲਈ ਮਹੱਤਵਪੂਰਣ ਮੰਨੇ ਜਾਂਦੇ ਹਨ।

- ਬਿਜ਼ਨਸ ਮਾਹਰਾਂ ਦੁਆਰਾ ਬਣਾਈਆਂ ਗਈਆਂ ਚੀਜਾਂ, ਜਿਨ੍ਹਾਂ ਵਿਚ ਅਸਲੀ ਜਿਦੰਗੀ ਦੇ ਕਹਾਣੀਕਾਰ, ਜਾਣਕਾਰੀ ਦੇਣ ਵਾਲੇ ਪੈਨਲ ਦੇ ਸਦੱਸ ਜਾਂ ਪ੍ਰੇਰਕ ਸੁਰਖਿਆਂ ਹੁੰਦੀਆਂ ਹਨ।
- ਲਾਈਵ ਵਰਕਸ਼ਾਪਾਂ, ਵੈਬਿਨਾਰ, ਟੈਲੀਕਾੱਨਫਰੰਸਾਂ ਅਤੇ ਸਵੈ-ਨਿਰਦੇਸ਼ਤ ਪੜ੍ਹਾਈ ਸਮੇਤ ਵੱਖ ਵੱਖ ਸਿੱਖਣ ਦੇ ਢੰਗ।

# ਮਹਿਲਾਵਾਂ ਲਈ ਬਿਜ਼ਨਸ ਸਲਾਹ ਅਤੇ ਮੇਨਟਰਿੰਗ

ਸਾਲ 1995 ਤੋਂ, ਅਸੀਂ BC ਮਹਿਲਾ-ਮਾਲਕਾਂ ਨੂੰ ਨਿੱਜੀ ਸਹਾਇਤਾ ਦੇ ਕੇ ਸਫਲ ਹੋਣ ਵਿੱਚ ਮਦਦ ਕੀਤੀ ਹੈ। ਸਾਡੀਆਂ ਬਿਜ਼ਨਸ ਵਰਕਸ਼ਾਪਾਂ ਅਤੇ ਲੋਨ ਦੇ ਨਾਲ-ਨਾਲ, ਅਸੀਂ ਪੇਸ਼ੇਵਰ ਬਿਜ਼ਨਸ ਸਲਾਹ ਅਤੇ ਮੇਨਟਰਿੰਗ ਵੀ ਦੇਂਦੇ ਹਾਂ।

# ਮਹਿਲਾਵਾਂ ਲਈ ਬਿਜ਼ਨਸ ਲੋਨ

ਅਸੀਂ ਬੀ ਸੀ ਵਿੱਚ ਮਹਿਲਾ-ਮਾਲਕ ਕਾਰੋਬਾਰਾਂ ਲਈ ਬਿਜ਼ਨਸ ਲੋਨ ਦੇਂਦੇ ਹਾਂ। ਭਾਵੇਂ ਤੁਸੀਂ ਹੁਣ ਸ਼ੁਰੂ ਕਰ ਰਹੇ ਹੋ, ਬਿਜ਼ਨਸ ਖਰੀਦ ਰਹੇ ਹੋ ਜਾਂ ਬਿਜ਼ਨਸ ਨੂੰ ਵਧਾ ਰਹੇ ਹੋ, ਅਸੀਂ ਮਦਦ ਕਰਦੇ ਹਾਂ।

ਇੱਕ ਵਿਕਾਸ ਕਰਜ਼ਾਦਾਤਾ ਹੋਣ ਦੇ ਨਾਤੇ, ਅਸੀਂ ਔਰਤਾਂ ਨੂੰ ਉਹਨਾਂ ਦੇ ਬਿਜ਼ਨਸ ਵਿੱਚ ਸਫਲ ਹੋਣ ਲਈ ਲੋੜੀਂਦਾ ਵਿੱਤ ਦੇਣ ਵਿਚ ਮਦਦ ਕਰਦੇ ਹਾਂ।

ਸਾਡੇ ਲੋਨ ਰਵਾਇਤੀ ਕਰਜ਼ਦਾਤਾਵਾਂ ਤੋਂ ਵੱਖਰੇ ਹਨ ਕਿਉਂਕਿ ਸਾਡੇ ਲੋਨ ਵਿਚ ਮੁਫਤ, ਲਗਾਤਾਰ, ਪੇਸ਼ੇਵਰ ਬਿਜ਼ਨਸ ਸਲਾਹ, ਬਿਜ਼ਨਸ ਸਕਿੱਲਸ ਟ੍ਰੇਨਿੰਗ ਅਤੇ ਮੇਨਟਰਜ਼ ਤਕ ਪਹੁੰਚ ਵੀ ਸ਼ਾਮਿਲ ਹੈ।

## ਸਾਡੇ ਬਿਜ਼ਨਸ ਲੋਨ ਦੇ ਬਾਰੇ ਵਿਚ

ਵੀਮੈਨਜ਼ ਐਂਟਰਪ੍ਰਾਈਜ ਸੈਂਟਰ ਦੇ ਦੋ ਮੁੱਖ ਲੋਨ ਪ੍ਰੋਗਰਾਮ ਹਨ: ਸਾਡਾ **ਪ੍ਰਾਇਮਰੀ ਲੈਂਡਿੰਗ** ਪ੍ਰੋਗਰਾਮ ਅਤੇ ਸਾਡਾ **ਸਪੈਸ਼ਲਿਟੀ ਲੋਨ**, ਜਿਸ ਵਿਚ ਸਾਡਾ ਯੂਥ ਬਿਜ਼ਨਸ ਲੋਨ ਵੀ ਸ਼ਾਮਿਲ ਹੈ (ਹੋਰ ਜਾਣਕਾਰੀ ਲਈ ਸਾਡੀਆਂ ਲਾਜਮੀ ਯੋਗਤਾਵਾਂ ਦੇਖੋ)।

# ਸਾਡੀ ਲਾਇਬ੍ਰੇਰੀ ਵਿੱਚ ਬਿਜ਼ਨਸ ਪਲੈਨਿੰਗ ਸਰੋਤ ਦੇਖੋਂ

## ਆਨ-ਲਾਈਨ ਸਰੋਤ

ਭਾਵੇਂ ਤੁਸੀਂ ਕੋਈ ਕਾਰੋਬਾਰ ਸ਼ੁਰੂ ਕਰਨ ਬਾਰੇ ਸੋਚ ਰਹੇ ਹੋ ਜਾਂ ਆਪਣੇ ਕਾਰੋਬਾਰ ਨੂੰ ਅਗਲੇ ਪੱਧਰ 'ਤੇ ਲੈ ਜਾਣ ਦੀ ਸੋਚ ਰਹੇ ਹੋ, ਸਾਡੇ ਕੋਲ ਤੁਹਾਡੀ ਸਹਾਇਤਾ ਲਈ ਸਰੋਤ ਅਤੇ ਲਿੰਕ ਹਨ।

ਅਸੀਂ ਇੱਥੇ ਮਦਦ ਕਰਨ ਲਈ ਹਾਂ! ਇਹਨਾਂ ਸਰੋਤਾਂ ਰਾਹੀਂ ਕੰਮ ਕਰਦਿਆਂ ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਸਾਡੇ ਕਲਾਇੰਟ ਸਰਵਿਸਿਜ਼ ਕੋਆਰਡੀਨੇਟਰ ਨੂੰ 1.800.643.7014 ਐਕਸਟੈਂਸ਼ਨ 112 'ਤੇ ਸੰਪਰਕ ਕਰੋ।

*WeBC is supported by Pacific Economic Development Canada*